# ਅਪਨਾ ਦੀ ਸਤਵੀਂ ਸਲਾਨਾ ਕਾਨਫਰੰਸ ਬੜੀ ਸਫ਼ਲਤਾ ਨਾਲ ਹਾਰਵਰਡ ਯੂਨੀਵਰਸਿਟੀ ਵਿਚ ਹੋਈ

ਅਕੈਡਮੀ ਆਫ਼ ਪੰਜਾਬੀ ਇਨ ਨਾਰਥ ਅਮੈਰਿਕਾ (ਅਪਨਾ) ਦੀ ਸਤਵੀਂ ਸਲਾਨਾ ਕਾਨਫਰੰਸ ੨੦ ਅਪ੍ਰੈਲ ੨੦੦੨ ਨੂੰ ਹਾਰਵਰਡ ਯੂਨੀਵਰਸਿਟੀ, ਕੈਂਬਰਿਜ, ਯੂ.ਐਸ.ਏ. ਵਿਖੇ ਕੀਤੀ ਗਈ। ਨਿਊ ਜਰਸੀ, ਵਾਸ਼ਿੰਗਟਨ, ਵਰਜੀਨੀਆ, ਮੌਂਟਰੀਅਲ, ਵਿਨੀਪੈਗ, ਬੌਸਟਨ ਅਤੇ ਹੋਰ ਥਾਵਾਂ ਤੋਂ ਆਏ ਹੋਏ ਡੈਲੀਗੇਟਾਂ ਤੇ ਦੋਸਤਾਂ ਨੇ ਇਸ ਕਾਨਫਰੰਸ ਵਿਚ ਹਿਸਾ ਲਿਆ ਜਿਸ ਦਾ ਮੁਖ ਮਜ਼ਮੂਨ ਸੀਃ ***ਪੰਜਾਬ ਅਤੇ ਇਸ ਦਾ ਭਵਿਖ***

ਸਾਢੇ ਦਸ ਵਜੇ ਕਾਨਫਰੰਸ ਦੀ ਸ਼ੁਰੂਆਤ ਕਰਦਿਆਂ ਰਾਜਵਿੰਦਰ ਸਿੰਘ ਨੇ, ਜੋ ਬੋਸਟਨ ਯੂਨੀਵਰਸਟੀ ਵਿਚ ਡਾਕਟਰੀ ਦੀ ਪੜ੍ਹਾਈ ਕਰ ਰਹੇ ਹਨ, ਅਪਨਾ ਦੀ ਬੌਸਟਨ ਬਰਾਂਚ ਵਲੋਂ ਕਾਨਫਰੰਸ ਵਿਚ ਹਿਸਾ ਲੈਣ ਆਏ ਸਾਰੇ ਲੋਕਾਂ ਨੂੰ ਜੀ ਆਇਆਂ ਕਿਹਾ ਅਤੇ ਅਪਨਮ ਦੀ ਬੌਸਟਨ ਬਰਾਂਚ ਦੀਆਂ ਸਰਗਰਮੀਆਂ ਉਤੇ ਚਾਨਣਾਂ ਪਾਉਂਦੇ ਹੋਏ ਦਸਿਆ ਕਿ ਬੌਸਟਨ ਵਾਲਿਆਂ ਨੇ ਬੁਲੇ ਸ਼ਾਹ, ਵਾਰਸ ਸ਼ਾਹ ਅਤੇ ਸ਼ਾਹ ਹੁਸੈਨ ਬਾਰੇ ਸੈਮੀਨਾਰ ਕਰਵਾਏ ਹਨ ਅਤੇ ਪੰਜਾਬੀ ਦੀ ਤਰੱਕੀ ਲਈ ਪੰਜਾਬੀ ਦੀਆਂ ਕਲਾਸਾਂ ਅਤੇ ਹੋਰ ਸਰਗਰਮੀਆਂ ਵੀ ਕਰਦੇ ਰਹੇ ਹਨ। ਉਨ੍ਹਾਂ ਦਸਿਆ ਕਿ ਮਜ਼ਹਬੀ, ਸਿਆਸੀ, ਅਤੇ ਹੋਰ ਵਖਰੇਵਿਆਂ ਤੋਂ ਉਪਰ ਉਠਕੇ ਅਪਨਾ ਨੇ ਪੰਜਾਬੀਆਂ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਦੇ ਯਤਨ ਕੀਤੇ ਹਨ। ਇਸਦੇ ਬਆਦ ਉਸਨੇ ਸਫ਼ੀਰ ਰਮਾਹ ਨੂੰ ਸਾਰੇ ਦਿਨ ਦਾ ਪ੍ਰੋਗਰਾਮ ਚਲਾਉਣ ਦੀ ਜ਼ੁਮੇਵਾਰੀ ਸੰਭਾਲਣ ਲਈ ਆਖਿਆ ਜੋ ਅਪਨਾ ਦੇ ਇਕ ਮੈਂਬਰ ਹਨ ਤੇ ਵਾਸ਼ਿੰਗਟਨ ਤੋਂ ਹਨ। ਸਫ਼ੀਰ ਸਾਹਬ ਨੇ ਸਤਵੀਂ ਕਾਨਫਰੰਸ ਦਾ ਬੰਦੋਬਸਤ ਕਰਨ ਲਈ ਬੋਸਟਨ ਵਾਲਿਆਂ ਦਾ ਸ਼ੁਕਰੀਆ ਕਰਦਿਆਂ ਗੱਲ ਅੱਗੇ ਤੋਰੀ ਅਤੇ ਦਿਨ ਭਰ ਦਾ ਪ੍ਰੋਗਰਾਮ ਦਸਿਆ। ਉਨ੍ਹਾਂ ਕਾਨਫਰੰਸ ਵਿਚ ਆਏ ਨਵੇਂ ਸਜਣਾਂ ਨੂੰ ਅਪਨਾ ਦੀਆਂ ਸਰਗਰਮੀਆਂ ਬਾਰੇ ਦਸਦਿਆਂ ਇਸਦੀ ਵੈਬ ਸਾਇਟ ਮੁਤੱਲਕ ਗੱਲ ਕੀਤੀ ਅਤੇ ਜਵੇਦ ਬੂਟਾ ਸਾਹਿਬ ਨੂੰ ਅਰਜ਼ ਕੀਤੀ ਕਿ ਉਹ ਕਾਨਫਰੰਸ ਦੀ ਪਹਿਲੀ ਬੈਠਕ ਦੇ ਸਦਰ ਬਤੌਰ ਕਾਨਫਰੰਸ ਦਾ ਕੰਮ ਅੱਗੇ ਤੋਰਨ। ਪਹਿਲੀ ਬੈਠਕ ਵਿਚ ਸਾਰੇ ਹਾਜ਼ਰੀਨਾ ਦੀ ਜਾਣ ਪਛਾਣ ਕਰਾਈ ਗਈ ਅਤੇ ਆਉਣ ਵਾਲੇ ਸਮੇਂ ਦੌਰਾਨ ਅਪਨਾ ਦੇ ਰੋਲ ਬਾਰੇ ਵਿਚਾਰ ਸਾਂਝੇ ਕੀਤੇ ਗਏ। ਮਹਿਸੂਸ ਕੀਤਾ ਗਿਆ ਕਿ ਅਪਨਾ ਨੂੰ ਆਪਣੀਆਂ ਸਰਗਰਮੀਆਂ ਹੋਰ ਤੇਜ਼ ਕਰਨੀਆਂ ਚਾਹੀਦੀਆਂ ਹਨ ਅਤੇ ਨੌਜੁਆਨਾਂ ਨੂੰ ਆਪਣੇ ਕੰਮ ਦੇ ਲਾਗੇ ਲਿਆਉਣ ਅਤੇ ਵਿਚ ਸ਼ਾਮਲ ਕਰਨ ਦੇ ਯਤਨ ਕਰਨੇ ਚਾਹੀਦੇ ਹਨ।

੧੨ ਵਜੇ ਦੇ ਕਰੀਬ ਇਕ ਮੁਕਾਮੀ ਆਗੂ ਸ਼ਾਹਿਦ ਅਹਿਮਦ ਖਾਨ ਨੇ ਕਾਨਫਰੰਸ ਦੇ ਦੂਜੇ ਸੈਸ਼ਨ ਨੂੰ ਚਾਲੂ ਕੀਤਾ ਜੋ ਪੰਜਾਬੀ ਸਮਾਜ ਦੇ ਭਵਿਖ ਬਾਰੇ ਸੀ। ਸ਼ਾਹਿਦ ਨੇ ਦਸਿਆ ਕਿ ਪਿਛਲੇ ਪੰਜਾਹ ਸਾਲਾਂ ਦੌਰਾਨ ਪੰਜਾਬੀ ਸਮਾਜ ਵਿਚ ਬਹੁਤ ਹੀ ਜ਼ਿਆਦਾ ਤਬਦੀਲੀ ਆਈ ਹੈ ਤੇ ਇਹ ਦੋਵਾਂ ਹੀ ਪਾਸਿਆਂ ਦੇ ਪੰਜਾਬ ਵਿਚ ਆਈ ਹੈ। ਉਸਨੇ ਪੰਜਾਬੀ ਦੇ ਵਿਦਵਾਨ ਅਤੇ ਜਾਣੇ ਪਛਾਣੇ ਪਤਰਕਾਰ ਡਾ.ਮਨਜ਼ੂਰ ਇਜਾਜ਼ ਦਾ ਤੁਆਰਫ਼ ਕਰਾਉਂਦਿਆਂ ਅਰਜ਼ ਕੀਤੀ ਕਿ ਉਹ ਪੰਜਾਬ ਦੇ ਭਵਿਖ ਬਾਰੇ ਚਾਨਣਾ ਪਾਉਣ ਦੀ ਖੇਚਲ ਕਰਨ। ਮਨਜ਼ੂਰ ਇਜਾਜ਼ ਨੇ ਪਿਛਲੇ ਪੰਜਾਹ ਸਾਲਾਂ ਵਿਚ ਪੰਜਾਬ ਦੇ ਆਪਣੇ ਪਿੰਡ ਵਿਚ ਆਈ ਤਬਦੀਲੀ ਦਾ ਨਕਸ਼ਾ ਬੜੇ ਸ਼ਾਇਰਾਨਾ ਅੰਦਾਜ਼ ਨਾਲ ਪੇਸ਼ ਕਰਦਿਆਂ ਦਸਿਆ ਕਿ ਬਚਪਨ ਵਿਚ ਉਹ ਸ਼ਾਮਾਂ ਨੂੰ ਆਪਣੇ ਬਜ਼ੁਰਗਾਂ ਤੋਂ ਬੜੇ ਚਾਅ ਨਾਲ ਬਾਤਾਂ ਸੁਣਿਆਂ ਕਰਦੇ ਸਨ ਪਰ ਹੁਣ ਏਨੀ ਤਬਦੀਲੀ ਆ ਗਈ ਹੈ ਕਿ ਅੱਜ ਕੱਲ੍ਹ ਦੇ ਨਿਆਣੇ ਬਜ਼ੁਰਗਾਂ ਦੀਆਂ ਬਾਤਾਂ ਨੂੰ ਭੁਲ ਗਏ ਹਨ ਤੇ ਅਮਰੀਕਾ ਦੇ ਟੀ.ਵੀ. ਪ੍ਰੋਗਰਾਮਾਂ ਨੂੰ ਵੇਖ ਕੇ ਖ਼ੁਸ਼ ਹੁੰਦੇ ਹਨ। ਇਸੇ ਤਰਾਂ ਪੈਦਾਵਾਰ ਦੇ ਖੇਤਰ ਵਿਚ ਵੀ ਬੇ ਓੜਕ ਤਬਦੀਲੀ ਆ ਗਈ ਹੈ। ਖੇਤੀ ਮਸ਼ੀਨਾ ਨਾਲ ਹੁੰਦੀ ਹੈ ਤੇ ਇਕ ਬਿਜ਼ਨਸ ਬਣਦੀ ਜਾ ਰਹੀ ਹੈ। ਇਸਦਾ ਨਤੀਜਾ ਇਹ ਹੋਇਆ ਕਿ ਖੇਤੀ ਦਾ ਕੰਮ ਕਰਨ ਵਾਲੇ ਲੋਕੀ ਬੇਰੁਜ਼ਗਾਰ ਹੋ ਰਹੇ ਹਨ। ਪੰਜਾਬੀ ਸੁਸਾਇਟੀ ਨੂੰ ਇਕ ਗੰਭੀਰ ਮਸਲਾ ਆ ਪਿਆ ਹੈ ਤੇ ਉਸਦਾ ਕਹਿਣਾ ਸੀ ਕਿ ਇਸ ਦਾ ਹੱਲ ਇਹ ਕਿ ਪੰਜਾਬ ਦਾ ਸਨਅਤੀਕਰਣ ਤੇਜ਼ ਕੀਤਾ ਜਾਵੇ ਵਰਨਾ ਲੋਕ ਭੁਖੇ ਮਰ ਜਾਣਗੇ।

ਮਨਜ਼ੂਰ ਇਜਾਜ਼ ਤੋਂ ਮਗਰੋਂ ਪੰਜਾਬੀ ਦੇ ਲੇਖਕ ਅਤੇ ਫਿਲਾਸਫ਼ਰ ਡਾ. ਜਸਪਾਲ ਸਿੰਘ ਨੇ ਪਿਛਲੇ ਪੰਜਾਹ ਸਾਲਾਂ ਵਿਚ ਪੂਰਬੀ ਪੰਜਾਬ ਵਿਚ ਆਈ ਤਬਦੀਲੀ ਬਾਰੇ ਸੰਖੇਪ ਵਿਚ ਦਸਿਆ ਅਤੇ ਕਿਹਾ ਕਿ ੧੯੪੭ ਵਿਚ ਪੰਜਾਬ ਦੀ ਵੰਡ ਦੇ ਬਾਅਦ ਪੂਰਬੀ ਪੰਜਾਬ ਦੇ ੨ ਕਰੋੜ ਪੰਜਾਬੀਆਂ ਨੂੰ ਵੀ ਬੇਹੱਦ ਤਬਦੀਲੀਆਂ ਵਿਚ ਦੀ ਲੰਘਣਾਂ ਪਿਆ ਹੈ। ਜਸਪਾਲ ਨੇ ਕਿਹਾ ਕਿ ਜਿਸ ਵੇਲੇ ਮਨਜ਼ੂਰ ਸਾਹਿਬ ਆਪਣੇ ਪਿੰਡ ਵਿਚ ਆਈ ਤਬਦੀਲੀ ਦੀ ਗੱਲ ਕਰ ਰਹੇ ਸਨ ਤਾਂ ਮੈਨੂੰ ਆਪਣਾ ਪਿੰਡ ਚੇਤੇ ਆ ਰਿਹਾ ਸੀ ਜਿਥੇ ਬਿਲਕੁਲ ਉਹੋ ਜਿਹੀਆਂ ਹੀ ਤਬਦੀਲੀਆਂ ਹੋ ਚੁਕੀਆਂ ਸਨ ਜਿਸਦੀ ਗਲ ਮਨਜ਼ੂਰ ਹੁਰਾਂ ਨੇ ਕੀਤੀ ਸੀ। ਪੂਰਬੀ ਪੰਜਾਬ ਵਿਚ ਵੀ ਖੇਤੀ ਦਾ ਮਸ਼ੀਨੀਕਰਣ ਹੋ ਚੁਕਾ ਹੈ ਤੇ ਬੋਤੇ, ਬਲਦ, ਝੋਟੇ, ਹੱਲ, ਤੇ ਖੂਹ ਬੀਤੇ ਦੀਆਂ ਬਾਤਾਂ ਹਨ। ਅੱਜ ਕਲ ਟਰੈਕਟਰ ਘੂਕਦੇ ਹਨ ਤੇ ਥਰੈਸ਼ਰਾਂ ਦਾ ਸ਼ੋਰ ਹੈ। ਅੰਨ ਦੀ ਪੈਦਾਵਾਰ ਦਸ ਗੁਣਾਂ ਵੱਧ ਚੁਕੀ ਹੈ ਪਰ ਕਿਸਾਨਾਂ ਦੀ ਹਾਲਤ ਅੱਗੇ ਨਾਲੋਂ ਵੀ ਮੰਦੀ ਹੋਈ ਹੈ। ਉਹ ਕਰਜ਼ਿਆਂ ਦੇ ਭਾਰ ਹੇਠ ਦੱਬੇ ਹੋਏ ਹਨ ਤੇ ਛੋਟੇ ਕਿਸਾਨਾਂ ਦੀਆਂ ਜ਼ਮੀਨਾਂ ਵਿਕ ਰਹੀਆਂ ਹਨ ਅਤੇ ਉਹ ਖ਼ੁਦਕਸ਼ੀਆਂ ਕਰ ਰਹੇ ਹਨ। ਇਕ ਪਾਸੇ ਪੈਦਾਵਾਰ ਵਿਚ ਬੜਾ ਵਾਧਾ ਹੋਇਆ ਹੈ ਤੇ ਦੂਸਰੇ ਪਾਸੇ ਪੈਦਾਵਾਰ ਕਰਨ ਵਾਲਿਆਂ ਦੀ ਗਰੀਬੀ ਬਹੁਤ ਵਧੀ ਹੈ, ਬੇਰੁਜ਼ਗਾਰੀ ਵਧੀ ਹੈ। ਉਸਨੇ ਦਸਿਆ ਕਿ ਪਹਿਲਿਆਂ ਵਿਚ ਦੋ-ਚਾਰ ਖੇਤਾਂ ਦੇ ਮਾਲਕ ਕਿਸਾਨ ਵੀ ਖੇਤੀ ਦਾ ਆਸਰੇ ਆਪਣਾਂ ਗੁਜ਼ਾਰਾ ਤੋਰ ਲੈਂਦੇ ਸਨ ਪਰ ਅੱਜਕੱਲ ਇਹ ਹਾਲ ਹੈ ਕਿ ਸੌ ਖੇਤਾਂ ਦੇ ਮਾਲਕ ਵੀ ਰੋ ਰਹੇ ਹਨ ਕਿ ਗੁਜ਼ਾਰਾ ਨਹੀਂ ਚਲਦਾ ਕਿਉਂਕਿ ਖਾਦਾਂ, ਬੀਜਾਂ ਅਤੇ ਖੇਤੀ ਦੇ ਹੋਰ ਸੰਦਾ ਦੀ ਲਾਗਤ ਏਨੀ ਹੈ ਕਿ ਬਚਦਾ ਕੁਝ

ਨਹੀਂ। ਤੇ ਪਲੀ ਹੋਈ ਫ਼ਸਲ ਨੂੰ ਸਰਕਾਰ ਅਤੇ ਆੜ੍ਹਤੀਏ ਮੰਡੀਆਂ ਵਿਚ ਰੋਲਦੇ ਹਨ। ਉਸਨੇ ਦਸਿਆ ਕਿ ਪਿਛਲੇ ਪੰਜਾਹ ਸਾਲਾਂ ਵਿਚ ਪੂਰਬੀ ਪੰਜਾਬ ਵਿਚ ਲੋਕਾਂ ਦੇ ਘੋਲ ਵੀ ਉਠੇ ਹਨ ਜਿਵੇਂ ਕਿ ਖ਼ੁਸ਼ਹੈਸੀਅਤੀ ਲਹਿਰ, ਨਕਸਲਬਾੜੀ ਲਹਿਰ, ਅਤੇ ੮੦ ਤੇ ੯੦ਵਿਆਂ ਦੀ ਖਾੜਕੂ ਲਹਿਰ। ਉਸਦਾ ਕਹਿਣਾ ਸੀ ਪੰਜਾਬ ਦੇ ਲੋਕਾਂ ਦੇ ਮਸਲੇ ਹੱਲ ਕਰਨ ਲਈ ਪੰਜਾਬ ਦੇ ਲੋਕਾਂ ਨੂੰ ਆਪ ਜਥੇਬੰਦ ਹੋਣ ਦੀ ਲੋੜ ਹੈ ਤੇ ਸਿਆਸੀ ਪ੍ਰਣਾਲੀ ਦਾ ਨਵੀਨੀਕਰਣ ਕਰਨ ਅਤੇ ਅਜਿਹੇ ਅਦਾਰੇ ਬਣਾਉਣ ਦੀ ਲੋੜ ਹੈ ਜੋ ਲੋਕਾਂ ਦੇ ਹਿਤਾਂ ਨੂੰ ਅੱਗੇ ਕਰਨ। ਇਸ ਵੇਲੇ ਅਜੇਹੀ ਵਿਧੀ ਦੀ ਘਾਟ ਹੈ ਜੋ ਲੋਕਾਂ ਦੀ ਗੱਲ ਅੱਗੇ ਤੋਰੇ ਤੇ ਉਹ ਆਪਣੇ ਫੈਸਲੇ ਆਪ ਕਰ ਸਕਣ।

ਮਨਜ਼ੂਰ ਅਤੇ ਜਸਪਾਲ ਹੋਰਾਂ ਵਲੋਂ ਆਪਣੀ ਗੱਲ ਖ਼ਤਮ ਕਰਨ ਮਗਰੋਂ ਬੜਾ ਭਖਵਾਂ ਵਿਚਾਰ ਵਟਾਂਦਰਾ ਹੋਇਆ। ਡਾ. ਮਨਜ਼ੂਰ ਨੇ ਦਸਿਆ ਕਿ ਪੂਰਬੀ ਪੰਜਾਬ ਵਿਚ ਜੋ ਇਹ ਸਮਝਿਆ ਜਾ ਰਿਹਾ ਹੈ ਕਿ ਪੱਛਮੀ ਪੰਜਾਬ ਵਿਚ ਜਗੀਰਦਾਰੀ ਦਾ ਜ਼ੋਰ ਹੈ ਤੇ ਇਹ ਪੂਰਬ ਦੇ ਪੰਜਾਬ ਨਾਲੋਂ ਪਛੜਿਆ ਹੋਇਆ ਹੈ, ਸਹੀ ਨਹੀਂ। ਉਸਨੇ ਦਸਿਆ ਕਿ ਦਰਅਸਲ ਪੱਛਮੀ ਪੰਜਾਬ ਵਿਚ ਪੂਰਬ ਦੇ ਪੰਜਾਬ ਨਾਲੋਂ ਬਹੁਤੀ ਸਨਅਤ ਹੈ ਅਤੇ ਪਾਕਿਸਤਾਨ ਵਿਚ ਬਣਦੀਆਂ ਫਿਲਮਾਂ ਦਾ ੭੦ ਫ਼ਸਦੀ ਪੰਜਾਬੀ ਫਿਲਮਾਂ ਹਨ। ਬਹਰਹਾਲ, ਦੋਹਾਂ ਹੀ ਪੰਜਾਬਾਂ ਵਿਚ ਪੰਜਾਬੀ ਦੀ ਮੰਦੀ ਹਾਲਤ ਉਤੇ ਸਾਰੇ ਹੀ ਹਾਜ਼ਰੀਨਾ ਨੇ ਚਿੰਤਾ ਪ੍ਰਗਟ ਕੀਤੀ।

ਸ਼ਾਹਿਦ ਅਹਿਮਦ ਖਾਨ ਨੇ ਡੇੜ ਵਜੇ ਦੁਪਿਹਰ ਦੀ ਰੋਟੀ ਦਾ ਸੱਦਾ ਦਿਤਾ ਤੇ ਗੱਲਾਂ ਕਰਦੇ ਹੋਏ ਸਾਰੇ ਹਾਜ਼ਰੀਨ ਲੰਗਰ ਹਾਲ ਵੱਲ ਤੁਰ ਪਏ ਜਿਥੇ ਸਾਗ, ਰੋਟੀ ਤੇ ਲੱਸੀ ਦਾ ਸਾਰਿਆਂ ਮਜ਼ਾ ਲਿਆ।

ਦੋ ਵਜੇ ਅਨੀਲਾ ਅਸਗਰ ਨੇ ਅਗਲੇ ਸੈਸ਼ਨ ਦੀ ਸ਼ੁਰੂਆਤ ਕੀਤੀ ਤੇ ਪੈਨਲ ਦੀ ਜਾਣ ਪਛਾਣ ਕਰਾਈ। ਨਵਾਂ ਮੀਡੀਆ ਅਤੇ ਪੰਜਾਬੀ ਦੇ ਮਜ਼ਮੂਨ ਤੇ ਗੱਲ ਕਰਦਿਆਂ ਅਨੀਲਾ ਅਸਗਰ ਨੇ ਦਸਿਆ ਕਿ ਨਵੀਂ ਤਕਨੀਕ ਅਤੇ ਇਨਫਰਮੇਸ਼ਨ ਦੀ ਤਰੱਕੀ ਦੇ ਇਸ ਦੌਰ ਦਾ ਪੰਜਾਬੀ ਅਤੇ ਪੰਜਾਬ ਤੇ ਵੀ ਬੜਾ ਅਸਰ ਪੈ ਰਿਹਾ ਹੈ। ਉਸਨੇ ਤਕਨੀਕ ਅਤੇ ਇਨਫਰਮੇਸ਼ਨ ਦੇ ਮਾਹਰ ਅਤੇ ਅਪਨਾ ਦੀ ਵੈਬ ਸਾਇਟ ਦੇ ਸੰਚਾਲਕ ਸਫ਼ੀਰ ਰਮਾਹ, ਅਤੇ ਇਕ ਮਜ਼ਦੂਰ ਲੇਖਕ ਅਤੇ ਕਾਰਕੂੰਨ ਗੁਰਦੀਪ ਸਿੰਘ ਨਾਲ ਸੰਗਤ ਦੀ ਜਾਣ ਪਛਾਣ ਕਰਾਈ ਤੇ ਅਰਜ਼ ਕੀਤੀ ਕਿ ਆਪਣੇ ਵਿਚਾਰ ਪੇਸ਼ ਕਰਨ।

ਸਫ਼ੀਰ ਰਮਾਹ ਨੇ ਦਸਿਆ ਕਿ ਇਨਫਰਮੇਸ਼ਨ ਤਕਨੀਕ ਅਤੇ ਖ਼ਾਸਕਰ ਇੰਟਰਨੈਟ ਨਾਲ ਬੜੀ ਤਬਦੀਲੀ ਆਈ ਹੈ ਤੇ ਲੋਕਾਂ ਲਈ ਕਈ ਰਾਹ ਖੁਲ੍ਹੇ ਹਨ। ਰੌਸ਼ਨੀ ਦੀ ਰਫਤਾਰ ਨਾਲ ਅਸੀਂ ਇਕ ਦੂਜੇ ਨਾਲ ਰਾਬਤਾ ਤੇ ਗੱਲਬਾਤ ਕਰ ਸਕਦੇ ਹਾਂ ਤੇ ਇਹ ਕੋਈ ਬਹੁਤਾ ਮਹਿੰਗਾ ਵੀ ਨਹੀਂ। ਉਸਨੇ ਦਸਿਆ ਕਿ ਮਿਸਾਲ ਦੇ ਤੌਰ ਤੇ ਪਹਿਲੀਆਂ ਵਿਚ ਜੇ ਕੋਈ ਅਖ਼ਬਾਰ ਕੱਢਣ ਦੀ ਲੋੜ ਪਵੇ ਤਾਂ ਬੜੇ ਪੈਸੇ ਦੀ ਜ਼ਰੂਰਤ ਪੈਂਦੀ ਸੀ ਪਰ ਹੁਣ ਇੰਟਰਨੈਟ ਰਾਹੀਂ ਇਹ ਕੰਮ ਸਸਤਾ ਤੇ ਸੌਖਾ ਹੋ ਗਿਆ ਹੈ ਤੇ ਮਿੰਟਾਂ ਸਕਿੰਟ ਵਿਚ ਗੱਲ ਸਾਰਿਆਂ ਤੱਕ ਜਾ ਪਹੁੰਚਦੀ ਹੈ। ਉਸਨੇ ਦਸਿਆ ਕਿ ਅਪਨਾ ਦੀ ਵੈਬ ਸਾਈਟ ਰਾਹੀਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਪੰਜਾਬੀ ਸਾਹਿਤ, ਸੰਗੀਤ ਅਤੇ ਬੋਲੀ ਦਾ ਆਨੰਦ ਮਾਣ ਰਹੇ ਹਨ। ਉਸਨੇ ਪੰਜਾਬੀਆਂ ਨੂੰ ਤਾਗੀਦ ਕੀਤੀ ਕਿ ਨਵੇਂ ਮੀਡੀਏ ਦੀ ਹੋਰ ਵੱਧ ਵਰਤੋਂ ਕਰਨ ਕਿਉਂਕਿ ਹੁਣ ਇਸ ਤਰੀਕੇ ਨਾਲ ਆਪਣੀ ਗੱਲ ਕਹਿਣ ਵਿਚ ਪਹਿਲਾਂ ਜਿੰਨੀ ਦਿਕਤ ਨਹੀਂ ਆਉਂਦੀ।

ਗੁਰਦੀਪ ਸਿੰਘ ਨੇ ਪੂਰਬੀ ਤੇ ਪਛਮੀ ਪੰਜਾਬ ਵਿਚ ਅਤੇ ਬਦੇਸ਼ਾਂ ਵਿਚ ਗੁਰਮੁਖੀ ਦੇ ਅਖਬਾਰਾਂ ਰਸਾਲਿਆਂ ਬਾਰੇ ਗੱਲ ਕਰਦਿਆਂ ਦਸਿਆ ਕਿ ਪੂਰਬੀ ਪੰਜਾਬ ਚਾਰ ਵੱਡੇ ਅਖਬਾਰ ਹਨ ਜਿਨ੍ਹਾਂ ਦੇ ਪਾਠਕਾਂ ਦੀ ਗਿਣਤੀ ਲੱਖਾਂ ਵਿਚ ਹੈ। ਉਸਨੇ ਪੂਰਬੀ ਪੰਜਾਬ ਦੇ ਉਨ੍ਹਾਂ ਰਸਾਲਿਆਂ ਬਾਰੇ ਵੀ ਦਸਿਆ ਜੋ ਥੋੜੇ ਅਰਸੇ ਬਾਦ ਹੀ ਬੰਦ ਹੋ ਜਾਂਦੇ ਰਹੇ। ਉਸਦਾ ਵਿਚਾਰ ਸੀ ਕਿ ਪੰਜਾਬੀ ਪ੍ਰੈਸ ਨੂੰ ਪੰਜਾਬੀ ਲੋਕਾਂ ਦੇ ਹਿਤਾਂ ਦੀ ਗਲ ਕਰਨੀ ਚਾਹੀਦੀ ਹੈ ਪਰ ਵੱਡੇ ਅਖਬਾਰਾਂ ਰਸਾਲਿਆਂ ਵਾਲਿਆਂ ਦਾ ਇਸ ਪਾਸੇ ਕੋਈ ਰੁਝਾਨ ਨਹੀਂ।

ਆਪਸੀ ਵਿਚਾਰ ਵਟਾਂਦਰੇ ਦੌਰਾਨ ਇਕ ਇਹ ਗੱਲ ਸਾਹਮਣੇ ਆਈ ਕਿ ਬੇਸ਼ੱਕ ਪਾਕਿਸਤਾਨ ਵਿਚ ਪੰਜਾਬੀਆਂ ਦੀ ੭੦ਫ਼ੀਸਦੀ ਵਸੋਂ ਹੈ ਪਰ ਉਥੇ ਪੰਜਾਬੀ ਦਾ ਇਕ ਵੀ ਅਖ਼ਬਾਰ ਨਹੀਂ ਨਿਕਲਦਾ। ਪੂਰਬੀ ਪੰਜਾਬ ਵਿਚ ਪੰਜਾਬੀ ਸਰਕਾਰੀ ਜ਼ਬਾਨ ਦਾ ਰੁਤਬਾ ਹਾਸਲ ਕਰ ਚੁਕੀ ਹੈ ਤੇ ਕਈ ਅਖ਼ਬਾਰ ਤੇ ਰਸਾਲੇ ਇਥੇ ਪੰਜਾਬੀ ਵਿਚ ਨਿਕਲਦੇ ਹਨ ਪਰ ਪੱਛਮੀ ਪੰਜਾਬ ਵਿਚ ਪੰਜਾਬੀ ਨੂੰ ਇਹ ਦਰਜਾ ਹਾਸਲ ਨਹੀਂ ਤੇ ਪੰਜਾਬੀ ਦੇ ਅਖਬਾਰ ਰਸਾਲੇ ਉਥੇ ਨਾ ਹੋਣ ਦੀ ਇਕ ਵਜਾਹ ਇਹ ਵੀ ਹੈ ਕਿ ਪੰਜਾਬੀ ਨੂੰ ਸਕੂਲਾਂ ਵਿਚ ਪੜਾਇਆ ਨਹੀਂ ਜਾਂਦਾ ਤੇ ਕੋਈ ਕਾਰੋਬਾਰ ਪੰਜਾਬੀ ਵਿਚ ਨਹੀਂ ਕੀਤਾ ਜਾਂਦਾ। ਇਸ ਸੰਦਰਭ ਵਿਚ ਵੇਖੀਏ ਤਾਂ ਅਪਨਾ ਦੀ ਵੈਬਸਾਈਟ ਅਤੇ ਪੰਜਾਬੀ ਦੇ ਹੋਰ ਇਲੈਕਟਰਾਨਿਕ ਪਬਲੀਕੇਸ਼ਨ ਪੰਜਾਬੀ ਜ਼ੁਬਾਨ ਤੇ ਸਭਿਆਚਾਰ ਨੂੰ ਅੱਗੇ ਲਿਜਾਣ ਵਿਚ ਬੜਾ ਅੱਛਾ ਰੋਲ ਕਰ ਰਹੇ ਹਨ।

ਇਕ ਨਿਕੇ ਜਿਹੇ ਵਕਫ਼ੇ  ਦੇ ਬਾਅਦ ਸਾਢੇ ਤਿੰਨ ਵਜੇ ਕਾਨੂੰਨ ਤੇ ਨੀਤੀ-ਸ਼ਾਸਤਰ ਦੇ ਮਾਹਰ ਅਤੇ ਪੱਤਰਕਾਰ ਹਸਨ ਅੱਬਾਸ ਨੇ ਕਾਨਫਰੰਸ ਦੀ ਕਾਰਵਾਈ ਨੂੰ ਮੁੜ ਅਰੰਭਿਆ ਅਤੇ ਪੰਜਾਬੀ ਕਲਚਰ, ਸਾਹਿਤ ਅਤੇ ਜ਼ਬਾਨ ਦੇ ਮਸਲੇ ਤੇ ਵਿਚਾਰ ਵਟਾਂਦਰਾ ਫੇਰ ਸ਼ੁਰੂ ਕੀਤਾ। ਪੈਨਲ ਨਾਲ ਜਾਣ ਪਛਾਣ ਕਰਾਉਂਦਿਆਂ ਹਸਨ ਨੇ ਆਖਿਆ ਕਿ ਪੱਛਮੀ ਪੰਜਾਬ ਵਿਚ ਪੰਜਾਬੀ ਜ਼ਬਾਨ ਦੀ ਕੋਈ ਪੁਛ ਨਾ ਹੋਣਾ ਇਕ ਫ਼ਿਕਰ ਵਾਲੀ ਗੱਲ ਹੈ ਕਿਉਂਕਿ ਜ਼ੁਬਾਨ ਦੇ ਬਗੈਰ ਲੋਕ ਆਪਣਾਂ ਕਲਚਰ ਪ੍ਰਫੂਲਤ ਨਹੀਂ ਕਰ ਸਕਦੇ। ਇਸ ਪੈਨਲ ਡਿਸਕਸ਼ਨ ਵਿਚ ਅਨੀਲਾ ਸਗਰ, ਪੰਮੀ ਅਰੋੜਾ, ਕਲਵੀਰ ਸਿੰਘ ਅਤੇ ਨਵਰੂਪ ਸਿੰਘ ਨੇ ਆਪਣੀ ਗੱਲ ਦਸੀ।

ਪੰਮੀ ਅਰੋੜਾ ਅਤੇ ਕਲਵੀਰ ਸਿੰਘ ਧੁਗਾ ਨੇ, ਜੋ ਕਿ ਵਸ਼ਿੰਗਟਨ ਯੂਨੀਵਰਸਟੀ ਵਿਚ ਨਿਉਕਲੀਅਰ ਫਿਜ਼ਿਕਸ ਦੇ ਪ੍ਰੋਫੈਸਰ ਲੱਗੇ ਹੋਏ ਹਨ, ਇਕ ਇਹੋ ਜਿਹੀ ਕੰਪਿਊਟਰ ਸਾਫਟਵੇਅਰ ਬਾਰੇ ਦਸਿਆ ਜਿਸ ਨਾਲ ਬੱਚੇ ਗੁਰਮੁਖੀ ਲਿਪੀ ਵਿਚ ਪੰਜਾਬੀ ਸਿਖ ਸਕਦੇ ਹਨ। ਇਹ ਜੰਤਰ ਲਫ਼ਜ਼ਾਂ ਦਾ ਉਚਾਰਣ ਸਿਖਾਲਦਾ ਹੈ ਤੇ ਇਸ ਵਿਚ ਅੰਗਰੇਜ਼ੀ-ਪੰਜਾਬੀ ਡਿਕਸ਼ਨਰੀ ਵੀ ਹੈ। ਲੇਕਿਨ ਉਨ੍ਹਾਂ ਇਹ ਵੀ ਕਿਹਾ ਕਿ ਇਹ ਸੋਫਟਵੇਅਰ ਸਿਰਫ਼ ਇਕ ਜੰਤਰ ਮਾਤਰ ਹੀ ਹੈ ਤੇ ਪੰਜਾਬੀ ਸਿਖਾਲਣ ਵਿਚ ਅਧਿਆਪਕਾਂ ਅਤੇ ਮਾਪਿਆਂ ਦੇ ਰੋਲ ਦੀ ਥਾਂ ਨਹੀਂ ਲੈ ਸਕਦਾ। ਸੰਗਤ ਵਿਚ ਹਾਜ਼ਰ ਮਾਪਿਆਂ ਨੇ ਇਸ ਜੰਤਰ ਵਿਚ ਬੜੀ ਦਿਲਚਸਪੀ ਜ਼ਾਹਰ ਕੀਤੀ ਅਤੇ ਕਲਵੀਰ ਤੇ ਪੰਮੀ ਉਨ੍ਹਾਂ ਨਾਲ ਹੋਰ ਵਿਚਾਰ ਵਟਾਂਦਰਾ ਕਰਦੇ ਰਹੇ।

ਹਾਰਵਰਡ ਯੂਨੀਵਰਸਟੀ ਦੀ ਗਰੈਜੂਏਟ ਅਤੇ ਲਾਹੌਰ ਵਿਚ ਵਿਦਿਆ ਦੇ ਖੇਤਰ ਵਿਚ ਕੰਮ ਕਰਨ ਵਾਲੀ ਅਨੀਲਾ ਅਸਗਰ ਨੇ ਪੰਜਾਬੀ ਸਮਾਜ ਤੇ ਸਭਿਆਚਾਰ ਵਿਚ ਔਰਤਾਂ ਦੀ ਦਸ਼ਾ ਤੇ ਵਿਦਿਆ ਬਾਰੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਨੁਕਤਾ ਉਠਾਇਆ ਕਿ ਏਸ ਕਾਨਫਰੰਸ ਅਤੇ ਇਸਦੇ ਪੈਨਲ ਵਿਚ ਵੀ ਔਰਤਾਂ ਨਾਮਾਤਰ ਹੀ ਹਨ ਜਿਸਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਪੰਜਾਬੀ ਸਮਾਜ ਦੇ ਕੰਮਾਂ ਵਿਚ ਔਰਤਾਂ ਦੀ ਸ਼ਮੂਲੀਅਤ ਦਾ ਮਸਲਾ ਕਿੰਨਾਂ ਗੰਭੀਰ ਹੈ। ਉਸਨੇ ਕਹਾਣੀ ਦੱਸੀ ਕਿ ਜਿਸ ਵੇਲੇ ਉਹ ਤੇ ਤਨਵੀਰ ਖਾਨ ਪੇਂਡੂ ਔਰਤਾਂ ਵਿਚ ਤਾਲੀਮ ਲਿਆਉਣ ਦੇ ਕੰਮ ਦਾ ਕੋਈ ਬੰਦੋਬਸਤ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਉਨ੍ਹਾਂ ਦਾ ਤਜਰਬਾ ਇਹ ਸੀ ਕਿ ਔਰਤਾਂ ਤਾਲੀਮ ਹਾਸਲ ਕਰਨ ਵਿਚ ਦਿਲਚਸਪੀ ਤਾਂ ਜ਼ਰੂਰ ਰਖਦੀਆਂ ਹਨ ਪਰ ਉਹ ਤਾਲੀਮ ਜੋ ਉਨ੍ਹਾਂ ਦੇ ਕੰਮ ਆਵੇ। ਆਮ ਕਿਸਮ ਦੇ ਸਾਹਿਤਕ ਤਾਲੀਮੀ ਪ੍ਰੋਗਰਾਮ ਉਨ੍ਹਾਂ ਦੇ ਕਿਸੇ ਕੰਮ ਨਹੀਂ ਆਉਂਦੇ। ਇਸ ਕਰਕੇ ਇਨ੍ਹਾਂ ਨੂੰ ਬਦਲਣ ਦੀ ਲੋੜ ਹੈ। ਅਨੀਲਾ ਨੇ ਦਸਿਆ ਕਿ ਕਿਉਂਕਿ ਪੰਜਾਬੀ ਮਾਸ਼ਰੇ ਵਿਚ ਔਰਤਾਂ ਨੂੰ ਖਾਨਦਾਨ ਦੀ ਇਜ਼ਤ ਅਤੇ ਸ਼ਰਮ ਦਾ ਨਿਸ਼ਾਨ ਸਮਝਿਆ ਜਾਂਦਾ ਹੈ ਇਸ ਕਰਕੇ ਔਰਤਾਂ ਦੀ ਮੁਕਤੀ ਦਾ ਸਵਾਲ ਵੀ ਸਾਰੇ ਸਮਾਜ ਦਾ ਸਾਂਝਾ ਮਸਲਾ ਹੈ।

ਬੋਸਟਨ ਯੂਨੀਵਰਸਿਟੀ ਵਿਚ ਪੜ੍ਹਦੇ ਅਤੇ ਭੰਗੜੇ ਦੀ ਟੀਮ ਦੇ ਸੰਚਾਲਕ ਨਵਰੂਪ ਸਿੰਘ ਨੇ ਭੰਗੜਾ ਸਿਖਣ ਤੇ ਸਿਖਾਲਣ ਬਾਰੇ ਆਪਣੇ ਤਜਰਬੇ ਨੂੰ ਡੈਲੀਗੇਟਾਂ ਨਾਲ ਸਾਂਝਾ ਕਰਦਿਆਂ ਦਸਿਆ ਕਿ ਭੰਗੜੇ ਨੂੰ ਸਿਰਫ਼ ਇਕ ਨਾਚ ਦੇ ਤੌਰ ਤੇ ਲੈਣਾਂ ਤੇ ਪੰਜਾਬੀ ਕਲਚਰ ਦਾ ਇਕ ਹਿਸਾ ਨਾ ਸਮਝਣਾਂ ਇਕ ਗਲਤ ਗੱਲ ਹੈ। ਭੰਗੜੇ ਵਿਚ ਹਿਸਾ ਲੈਣ ਵਾਲੇ ਯੁਵਕਾਂ ਵਿਚੋਂ ਬਹੁਤਿਆਂ ਨੂੰ ਕੋਈ ਇਲਮ ਹੀ ਨਹੀਂ ਕਿ ਪੰਜਾਬੀ ਸਮਾਜ ਤੇ ਕਲਚਰ ਵਿਚ ਭੰਗੜੇ ਦੀ ਕੀ ਮਹੱਤਤਾ ਹੈ। ਭੰਗਰੇ ਦੀਆਂ ਬੋਲੀਆਂ ਦੀ ਉਨ੍ਹਾਂ ਨੂੰ ਕੋਈ ਸਮਝ ਨਹੀਂ ਆਉਂਦੀ ਤੇ ਬਹੁਤੇ ਤਾਂ ਪੰਜਾਬੀ ਜ਼ਬਾਨ ਵੀ ਨਹੀਂ ਬੋਲਣੀ ਜਾਣਦੇ। ਇਸ ਤਰ੍ਹਾਂ ਦਾ ਭੰਗੜਾ ਪੰਜਾਬੀ ਕਲਚਰ ਦਾ ਇਕ ਹਿਸਾ ਨਾ ਹੋ ਕੇ ਇਕ ਫ਼ਜ਼ੂਲ ਜਿਹੀ ਚੀਜ਼ ਹੋ ਨਿਬੜਦਾ ਹੈ। ਆਪਣੀ ਭੰਗੜਾ ਟੀਮ ਬਾਰੇ ਬੋਲਦਿਆਂ ਨਵਰੂਪ ਨੇ ਜ਼ੋਰ ਦਿਤਾ ਕਿ ਪੰਜਾਬੀ ਯੁਵਕਾਂ ਨੂੰ ਪੰਜਾਬੀ ਜ਼ਬਾਨ ਤੇ ਕਲਚਰ ਸਿਖਾਲਣ ਵੱਲ ਬਹੁਤ ਤਵੱਜੋਂ ਦੇਣ ਦੀ ਜ਼ਰੂਰਤ ਹੈ। ਇਸ ਪੱਖੋਂ ਉਸਨੇ ਅਪਨਾ ਦੀ ਬੋਸਟਨ ਬਰਾਂਚ ਵਲੋਂ ਕੀਤੇ ਗਏ ਕਈ ਉਦਮਾਂ ਦਾ ਜ਼ਿਕਰ ਕੀਤਾ ਪਰ ਕਿਹਾ ਕਿ ਇਹ ਕਾਫ਼ੀ ਨਹੀਂ ਹਨ। ਉਸਨੇ ਕਿਹਾ ਇਹ ਸਾਡੀ ਜ਼ਿੰਦਗੀ ਅਤੇ ਅਣਖ ਦੇ ਮਸਲੇ ਹਨ। ਐਮ.ਆਈ.ਟੀ. ਦੀ ਭੰਗੜਾ ਟੀਮ ਦੇ ਇਕ ਹੋਰ ਮੈਂਬਰ ਮਨਿੰਦਰ ਸਿੰਘ ਜੀਤਾ ਦਾ ਵੀ ਇਹ ਖਿਆਲ ਸੀ ਕਿ ਕਿਸੇ ਨੂੰ ਕੋਈ ਪਤਾ ਨਹੀਂ ਕਿ ਭੰਗੜਾ ਕੀ ਹੈ ਤੇ ਨਾ ਹੀ ਕੋਈ ਦੱਸਣ ਵਾਲਾ ਹੈ। ਉਸਨੇ ਕਿਹਾ ਅਪਨਾ ਨੂੰ ਇਸ ਪਾਸੇ ਹੋਰ ਧਿਆਨ ਦੇਣਾ ਚਾਹੀਦਾ ਹੈ।

ਅਨੀਲਾ ਅਸਗਰ ਅਤੇ ਨਵਰੂਪ ਸਿੰਘ ਵਲੋਂ ਉਠਾਏ ਗਏ ਨੁਕਤਿਆਂ ਉਤੇ ਖੁਲ੍ਹ ਕੇ ਵਿਚਾਰ ਵਟਾਂਦਰਾ ਕਰਦੇ ਹੋਏ ਯੁਵਕਾਂ ਤੇ ਹੋਰ ਹਾਜ਼ਰੀਨਾਂ ਨੇ ਆਪੋ ਆਪਣੇ ਖਿਆਲ ਦਿਤੇ। ਪੰਜ ਵਜੇ ਦੇ ਕਰੀਬ ਅਪਨਾ ਦੇ ਬੋਸਟਨ ਮੈਂਬਰ ਅਤੇ ਬਿਜ਼ਨੈਸਮੈਨ ਸੁਭਾਸ਼ ਸਹਿਗਲ ਨੇ ਚਾਹ ਤੇ ਸਮੋਸਿਆਂ ਅਤੇ ਪਕੌੜਿਆਂ ਦੀ ਰੇਹੜੀ ਭਰ ਲਿਆਂਦੀ ਜਿਸਦੀ ਉਸ ਵੇਲੇ ਬੜੀ ਲੋੜ ਸੀ। ਲੋਕ ਚਾਹ ਪੀਂਦੇ, ਸਮੋਸੇ ਛਕਦੇ ਤੇ ਪਕੌੜਿਆਂ ਦਾ ਜ਼ਾਇਕਾ ਲੈਂਦੇ ਹੋਏ ਅਨੀਲਾ ਅਤੇ ਨਵਰੂਪ ਦੀਆਂ ਗੱਲਾਂ ਸੁਣਦੇ ਰਹੇ। ਫੈਸਲਾ ਕੀਤਾ ਗਿਆ ਪਲੈਨਰੀ ਸੈਸ਼ਨ ਵੀ ਉਸੇ ਵੇਲੇ ਉਥੇ ਹੀ ਕਰ ਲਿਆ ਜਾਵੇ ਕਿਉਂਕਿ ਫੇਰ ਲੋਕਾਂ ਨੇ ਘਰਾਂ ਨੂੰ ਵੀ ਜਾਣਾ ਸੀ ਤੇ ਦੂਸਰੇ ਦਿਨ ਆਉਣਾਂ ਮੁਸ਼ਕਲ ਹੋਣਾਂ ਸੀ।

੬ ਵਜੇ ਸਫ਼ੀਰ ਰਮਾਹ ਨੇ ਪਲੈਨਰੀ ਸੈਸ਼ਨ ਦੀ ਕਾਰਵਾਈ ਸ਼ੁਰੂ ਕਰਵਾਈ ਤੇ ਸੈਸ਼ਨ ਨੇ ਅਪਨਾ ਦੇ ਮੰਤਵਾਂ, ਨਿਸ਼ਾਨਿਆਂ ਤੇ ਮਤਿਆਂ ਦੀ ਤਾਈਦ ਕਰਦਿਆਂ ਫੈਸਲਾ ਕੀਤਾ ਕਿ ਅੱਗੋਂ ਤੋਂ ਆਪਸੀ ਮਸ਼ਵਰਾ ਈ ਮੇਲ, ਚੈਟ ਰੂਮ, ਅਤੇ ਹੋਰ ਵਸੀਲਿਆਂ ਰਾਹੀਂ ਵੀ ਕਰਿਆ ਕਰੀਏ ਤੇ ਲੋੜ ਅਨੁਸਾਰ ਇਸ ਵਿਚ ਅਦਲਾ ਬਦਲੀ ਕਰਦੇ ਰਿਹਾ ਕਰੀਏ ਕਿਉਂਕਿ ਸਮਾਂ ਬਦਲੀ ਜਾਂਦਾ ਹੈ। ਇਸਦੇ ਨਾਲ ਹੀ ਕਾਨਫਰੰਸ ਦੀ ਕਾਰਵਾਈ ਮੁਕ ਗਈ ਤੇ ਹਾਜ਼ਰੀਨ ਕੋਨੈਂਟ ਹਾਲ ਵੱਲ ਤੁਰ ਪਏ ਜਿਥੇ ਮਹਿਮਾਨਾਂ ਦੀ ਆਉਭਗਤ ਦਾ ਇੰਤਜ਼ਾਮ ਕੀਤਾ ਗਿਆ ਸੀ। ਏਥੇ ਹੋਰ ਵੀ ਸੱਜਣ ਮਿਤਰ ਆ ਗਏ ਤੇ ਸ਼ੁਗਲ ਮੇਲਾ ਚਲਦਾ ਰਿਹਾ। ਸਾਢੇ ਅੱਠ ਵਜੇ ਦੇ ਕਰੀਬ ਸਫ਼ੀਰ ਰਮਾਹ ਨੇ ਸ਼ਾਹਿਦ ਅਹਿਮਦ ਨੂੰ ਕਵੀ ਦਰਬਾਰ ਦੀ ਸਦਾਰਤ ਕਰਨ ਦੀ ਅਰਜ਼ ਕੀਤੀ ਤੇ ਕਵੀਆਂ ਤੇ ਗਾਇਕਾਂ ਨੂੰ ਆਪਣੀ ਕਲਾ ਦੇ ਜੌਹਰ ਵਿਖਾਲਣ ਦਾ ਸੱਦਾ ਦਿਤਾ। ਨਿਉਯਾਰਕ ਤੋਂ ਸੁਰਿੰਦਰ ਸੋਹਲ ਨੇ ਦੋ ਐਸੀਆਂ ਕਵਿਤਾਵਾਂ ਪੜ੍ਹੀਆਂ ਜੋ ਦਿਲਾਂ ਨੂੰ ਧੂ ਪਾ ਗਈਆਂ। ਨਿਉਯਾਰਕ ਦੇ ਹੀ ਦਲਜੀਤ ਮੋਖਾ ਦੀ ਕਵਿਤਾ ਵੀ ਬੜੀ ਆਹਲਾ ਸੀ। ਸਰੋਤੇ ਮੁੜ ਮੁੜ ਇਹ ਕਵਿਤਾਵਾਂ ਸੁਣਨ ਦੀ ਫ਼ਰਮਾਇਸ਼ ਕਰਦੇ ਰਹੇ। ਵਿਨੀਪੈਗ ਦੇ ਗੁਰਦੀਪ ਸਿੰਘ ਨੇ ਬੜੇ ਜੋਸ਼ ਨਾਲ ਉਧਮ ਸਿੰਘ ਦੀ ਵਾਰ ਗਾਈ। ਮੌਂਟਰੀਅਲ ਦੇ ਬੱਗਾ ਸਿੰਘ ਨੇ ਪੰਜਾਬੀ ਜ਼ੁਬਾਨ ਦੀ ਦਸ਼ਾ ਬਾਰੇ ਇਕ ਬੜੀ ਹਿਰਦੇਵੇਧਕ ਕਵਿਤਾ ਪੇਸ਼ ਕੀਤੀ। ਗੁਰਸ਼ਰਨ ਸਿੰਘ ਹੁਰਾਂ ਸ਼ਿਵ ਕੁਮਾਰ ਬਟਾਲਵੀ ਦਾ ਕਲਾਮ ਸੁਣਾਇਆ ਤੇ ਸੁਭਾਸ਼ ਸਹਿਗਲ ਨੇ ਲੋਕਾਂ ਵਿਚ ਫੁਟ ਪਾਉਣ ਦੀਆਂ ਕੋਸ਼ਿਸ਼ਾਂ ਦੇ ਖ਼ਿਲਾਫ਼ ਵਿਚਾਰ ਆਪਣੀ ਕਵਿਤਾ ਰਾਹੀਂ ਪੇਸ਼ ਕੀਤੇ।

ਜਵੇਦ ਬੂਟੇ ਨੇ ਸੁਲਤਾਨ ਬਾਹੂ ਸੁਣਾ ਕੇ ਰੰਗ ਬੰਨ੍ਹਿਆਂ ਤੇ ਜਸਪਾਲ ਸਿੰਘ ਨੇ ਸ਼ਾਹ ਹੁਸੈਨ ਦੀ ਕਾਫ਼ੀ ਸੁਣਾਈ। ਮਨਜ਼ੂਰ ਇਜਾਜ਼ ਨੇ ਪੀਲੂ ਦਾ ਮਿਰਜ਼ਾ ਤੇ ਵਾਰਸ ਸ਼ਾਹ ਦੀ ਹੀਰ ਦੇ ਹਿਸੇ ਗਾ ਕੇ ਸੁਣਾਏ। ਕਵੀ ਦਰਬਾਰ ਪਿਛੋਂ ਯੁਵਕਾਂ ਨੇ ਭੰਗੜੇ ਦਾ ਪਿੜ ਬੰਨ੍ਹਿਆਂ ਤੇ ਇਸ ਲੋਕ ਨਾਚ ਰਾਹੀਂ ਪੰਜਾਬ ਦੇ ਕਿਸਾਨਾਂ ਦੀ ਹਾਲਤ ਦਾ ਵਰਨਣ ਕੀਤਾ। ਬਾਕੀ ਸਾਰੇ ਵੀ ਝੂਮ ਉਠੇ ਤੇ ਭੰਗੜਾ ਪਾਉਣ ਲੱਗ ਪਏ। ਫੇਰ ਸਾਰਿਆਂ ਨੇ ਰੋਟੀ ਖਾਧੀ ਤੇ ਦੇਰ ਤੱਕ ਕਾਨਫਰੰਸ ਬਾਰੇ ਗੱਲਾਂ ਚਲਦੀਆਂ ਰਹੀਆਂ।